# ਸੇਵਾਵਾਂ ਤੱਕ ਪਹੁੰਚ ਕਰਨ ਲਈ ਚਾਰ ਕਦਮ

## 1. ਮੁਲਾਂਕਣ ਲਈ ਅਰਜ਼ੀ ਦਿਓ

**MyAgedCare.gov.au/Apply-Online** 'ਤੇ ਜਾਓ, **1800 200 422*** 'ਤੇ ਮੁਫ਼ਤ ਕਾਲ ਕਰੋ ਜਾਂ ਸਰਵਿਸਿਜ਼ ਆਸਟ੍ਰੇਲੀਆ ਨਾਲ ਵਿਅਕਤੀਗਤ ਮੁਲਾਕਾਤ ਬੁੱਕ ਕਰੋ। ਤੁਹਾਨੂੰ ਤੁਹਾਡੀਆਂ ਦੇਖਭਾਲ ਦੀਆਂ ਜ਼ਰੂਰਤਾਂ ਬਾਰੇ ਸਵਾਲ ਪੁੱਛੇ ਜਾਣਗੇ, ਆਪਣਾ ਮੈਡੀਕੇਅਰ ਕਾਰਡ ਦਿਖਾਉਣ ਦੀ ਲੋੜ ਹੈ, ਅਤੇ ਜੇਕਰ ਕੋਈ ਤੁਹਾਡੀ ਥਾਂ ਅਰਜ਼ੀ ਦੇ ਰਿਹਾ ਹੈ ਤਾਂ ਤੁਹਾਨੂੰ ਸਹਿਮਤੀ ਦੇਣੀ ਪਵੇਗੀ।

## 2. ਮੁਲਾਂਕਣ ਕਰਵਾਓ

- My Aged Care ਤੁਹਾਡੀ ਅਰਜ਼ੀ ਨੂੰ ਸਥਾਨਕ ਮੁਲਾਂਕਣ ਸੰਸਥਾ ਨੂੰ ਭੇਜਦਾ ਹੈ, ਜੋ ਮੁਲਾਂਕਣ ਬੁੱਕ ਕਰਨ ਲਈ ਤੁਹਾਡੇ ਨਾਲ ਸੰਪਰਕ ਕਰੇਗੀ।
- ਇੱਕ ਮੁਲਾਂਕਣਕਰਤਾ ਤੁਹਾਡੇ ਘਰ ਆਵੇਗਾ ਅਤੇ ਤੁਹਾਡੇ ਰੋਜ਼ਾਨਾ ਕੰਮਾਂ, ਤੁਹਾਡੀਆਂ ਲੋੜਾਂ, ਪਸੰਦਾਂ ਅਤੇ ਉਹ ਖੇਤਰ ਜਿਨ੍ਹਾਂ ਵਿੱਚ ਤੁਹਾਨੂੰ ਮੱਦਦ ਦੀ ਲੋੜ ਹੋ ਸਕਦੀ ਹੈ; ਉਨ੍ਹਾਂ ਬਾਰੇ ਪੁੱਛੇਗਾ।
- ਤੁਹਾਡੀ ਸਹਾਇਤਾ ਲਈ ਤੁਹਾਡੇ ਕੋਲ ਇੱਕ ਪਰਿਵਾਰਕ ਮੈਂਬਰ, ਦੋਸਤ ਜਾਂ ਦੇਖਭਾਲ ਕਰਨ ਵਾਲਾ ਹੋ ਸਕਦਾ ਹੈ।

## 3. ਲਾਗਤਾਂ ਬਾਰੇ ਪਤਾ ਲਗਾਓ

ਆਪਣੇ ਬਿਰਧ ਦੇਖਭਾਲ ਦੇ ਖ਼ਰਚਿਆਂ ਦਾ ਅੰਦਾਜ਼ਾ ਪ੍ਰਾਪਤ ਕਰਨ ਲਈ:

ਬਿਰਧ ਦੇਖਭਾਲ ਘਰਾਂ ਲਈ, **MyAgedCare.gov.au/Aged-Care-Home-Fee-Estimator** 'ਤੇ ਜਾਓ

'ਸਪੋਰਟ ਐਟ ਹੋਮ' ਪ੍ਰੋਗਰਾਮ ਲਈ, **MyAgedCare.gov.au/Support-At-Home-Fee-Estimator** 'ਤੇ ਜਾਓ

ਸਰਵਿਸਿਜ਼ ਆਸਟ੍ਰੇਲੀਆ ਤੁਹਾਡੀ ਆਮਦਨੀ ਅਤੇ/ਜਾਂ ਆਰਥਿਕ ਹਾਲਤ ਦਾ ਮੁਲਾਂਕਣ ਕਰੇਗੀ। ਜੇਕਰ ਤੁਹਾਡੀ ਪੈਨਸ਼ਨ ਲੱਗੀ ਹੋਈ ਹੈ, ਤਾਂ ਉਹ ਤੁਹਾਡੀ ਉਸ ਜਾਣਕਾਰੀ ਦੀ ਵਰਤੋਂ ਕਰਨਗੇ ਜੋ ਉਨ੍ਹਾਂ ਕੋਲ ਪਹਿਲਾਂ ਹੀ ਮੌਜੂਦ ਹੈ।

## 4. ਕੋਈ ਸੇਵਾ ਪ੍ਰਦਾਤਾ ਲੱਭੋ

ਤੁਹਾਡਾ ਮੁਲਾਂਕਣਕਰਤਾ ਜਾਂ My Aged Care ਵੈੱਬਸਾਈਟ 'ਤੇ 'Find a provider' ਟੂਲ ਤੁਹਾਨੂੰ ਆਪਣੇ ਇਲਾਕੇ ਵਿੱਚ ਬਿਰਧ ਦੇਖਭਾਲ ਸੇਵਾ ਪ੍ਰਦਾਤਾਵਾਂ ਨੂੰ ਲੱਭਣ ਵਿੱਚ ਮੱਦਦ ਕਰ ਸਕਦੇ ਹਨ: **MyAgedCare.gov.au/Find-A-Provider**

# ਹੋਰ ਜਾਣਕਾਰੀ

**ਇੱਥੇ ਜਾਓ: MyAgedCare.gov.au**

**ਮੁਫ਼ਤ ਫ਼ੋਨ:1800 200 422***, ਹਫ਼ਤੇ ਦੇ ਦਿਨਾਂ ਵਿੱਚ ਸਵੇਰੇ 8 ਵਜੇ ਤੋਂ ਰਾਤ 8 ਵਜੇ ਤੱਕ ਅਤੇ ਸ਼ਨੀਵਾਰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ।

**ਵਿਅਕਤੀਗਤ ਤੌਰ 'ਤੇ**: ਕਿਸੇ **ਸਰਵਿਸਿਜ਼ ਆਸਟ੍ਰੇਲੀਆ ਸੇਵਾ ਕੇਂਦਰ** 'ਤੇ ਜਾਓ ਜਾਂ ਔਨਲਾਈਨ ਬੁਕਿੰਗ ਕਰੋ ਤਾਂ ਕਿ ਤੁਸੀਂ ਆਪਣੇ ਇਲਾਕੇ ਵਿੱਚ ਉਪਲਬਧ ਏਜਡ ਕੇਅਰ ਸਪੈਸ਼ਲਿਸਟ ਅਧਿਕਾਰੀ ਨਾਲ, ਜਾਂ ਵੀਡੀਓ ਚੈਟ ਰਾਹੀਂ, ਐਪੋਇੰਟਮੈਂਟ ਕਰ ਸਕੋ। **ServicesAustralia.gov.au/My-Aged-Care-Face-To-Face-Services** 'ਤੇ ਜਾਓ ਜਾਂ **1800 227 475*** 'ਤੇ ਮੁਫ਼ਤ ਫ਼ੋਨ ਕਰੋ।

**ਜੇਕਰ ਤੁਸੀਂ ਬੋਲ਼ੇ, ਅੰਨ੍ਹੇ-ਬਿਹਰੇ ਹੋ ਜਾਂ ਸੁਣਨ ਵਿੱਚ ਸਮੱਸਿਆ ਹੈ**: National Sign Language Program (ਰਾਸ਼ਟਰੀ ਸੰਕੇਤ ਭਾਸ਼ਾ ਪ੍ਰੋਗਰਾਮ) ਨਾਲ ਸੰਪਰਕ ਕਰੋ। **DeafConnect.org.au/Services/Interpreting** 'ਤੇ ਬੁਕਿੰਗ ਕਰੋ

ਜੇਕਰ ਤੁਹਾਨੂੰ ਫ਼ੋਨ ਦੀ ਵਰਤੋਂ ਕਰਕੇ ਸੁਣਨ ਜਾਂ ਬੋਲਣ ਵਿੱਚ ਮੁਸ਼ਕਿਲ ਆਉਂਦੀ ਹੈ ਤਾਂ ਨੈਸ਼ਨਲ ਰੀਲੇਅ ਸਰਵਿਸ ਤੁਹਾਡੀ ਮੱਦਦ ਕਰ ਸਕਦੀ ਹੈ। **AccessHub.gov.au/About-The-NRS** ਵੈੱਬਸਾਈਟ 'ਤੇ ਜਾਓ ਅਤੇ **1800 200 422*** 'ਤੇ ਰੀਲੇਅ ਲਈ ਪੁੱਛੋ।

**ਅਨੁਵਾਦ ਅਤੇ ਦੁਭਾਸ਼ੀਆ ਸੇਵਾ**: **131 450** 'ਤੇ ਫ਼ੋਨ ਕਰੋ, ਔਪਰੇਟਰ ਨੂੰ ਆਪਣੀ ਭਾਸ਼ਾ ਦੱਸੋ ਅਤੇ ਉਨ੍ਹਾਂ ਨੂੰ **1800 200 422*** 'ਤੇ ਫ਼ੋਨ ਕਰਨ ਲਈ ਕਹੋ।

**ਜੇਕਰ ਤੁਸੀਂ ਸਾਬਕਾ ਸੈਨਿਕ ਜਾਂ ਜੰਗੀ ਵਿਧਵਾ/ਔਰਤ ਹੋ**: ਤਾਂ ਤੁਸੀਂ ਡਿਪਾਰਟਮੈਂਟ ਆਫ਼ ਵੈਟਰਨਜ਼ ਅਫੇਅਰਜ਼ (DVA) ਸੇਵਾਵਾਂ ਜਾਂ ਪ੍ਰੋਗਰਾਮਾਂ ਲਈ ਵੀ ਯੋਗ ਹੋ ਸਕਦੇ ਹੋ। ਵਧੇਰੇ ਜਾਣਕਾਰੀ ਲਈ, My Aged Care ਤੋਂ ਪੁੱਛੋ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਅਧਿਕਾਰ ਪੂਰੇ ਨਹੀਂ ਹੋਏ ਹਨ ਤਾਂ ਤੁਸੀਂ **ਸ਼ਿਕਾਇਤ** ਕਰ ਸਕਦੇ ਹੋ। **ਬਿਰਧ ਦੇਖਭਾਲ ਗੁਣਵੱਤਾ ਅਤੇ ਸੁਰੱਖਿਆ ਕਮਿਸ਼ਨ** ਨਾਲ **1800 951 822*** 'ਤੇ ਮੁਫ਼ਤ ਫ਼ੋਨ ਕਰਕੇ ਸੰਪਰਕ ਕਰੋ।

**MyAgedCare.gov.au/Privacy** 'ਤੇ ਜਾਣੋ ਕਿ My Aged Care ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਵੇਂ ਸੰਭਾਲਦਾ ਹੈ।

*ਲੈਂਡਲਾਈਨਾਂ ਤੋਂ 1800 ਕਾਲਾਂ ਮੁਫ਼ਤ ਹਨ ਅਤੇ ਜ਼ਿਆਦਾਤਰ ਆਸਟ੍ਰੇਲੀਆਈ ਮੋਬਾਈਲ ਫ਼ੋਨ ਪ੍ਰਦਾਤਾ ਹੁਣ 1800 ਨੰਬਰਾਂ 'ਤੇ ਮੁਫ਼ਤ ਕਾਲਾਂ ਦੀ ਪੇਸ਼ਕਸ਼ ਕਰਦੇ ਹਨ। ਆਪਣੇ ਮੋਬਾਈਲ ਫ਼ੋਨ ਪ੍ਰਦਾਤਾ ਨਾਲ ਸੰਪਰਕ ਕਰੋ।

DT0004862-1025

Punjabi | ਪੰਜਾਬੀ

Australian Government

myagedcare



# My Aged Care ਨਾਲ ਲੋੜੀਂਦੀ ਮੱਦਦ ਲੱਭੋ

ਮੁਫ਼ਤ ਫ਼ੋਨ: **1800 200 422**
ਵੈੱਬਸਾਈਟ: **MyAgedCare.gov.au**
ਨਿੱਜੀ ਤੌਰ 'ਤੇ: ਸਰਵਿਸਿਜ਼ ਆਸਟ੍ਰੇਲੀਆ ਨਾਲ ਅਪੌਇੰਟਮੈਂਟ ਬੁੱਕ ਕਰੋ

## My Aged Care ਕੀ ਹੈ?

ਆਸਟ੍ਰੇਲੀਆਈ ਸਰਕਾਰ ਵੱਲੋਂ ਫ਼ੰਡ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਤੱਕ ਪਹੁੰਚ ਕਰਨ ਲਈ My Aged Care ਸ਼ੁਰੂਆਤੀ ਸਥਾਨ ਹੈ। ਇਹ ਇਨ੍ਹਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ:

- ਵੱਖ-ਵੱਖ ਕਿਸਮਾਂ ਦੀਆਂ ਉਪਲਬਧ ਬਿਰਧ ਦੇਖਭਾਲ ਸੇਵਾਵਾਂ ਬਾਰੇ
- ਉਹ ਸੇਵਾਵਾਂ ਜਿਨ੍ਹਾਂ ਲਈ ਤੁਸੀਂ ਯੋਗ ਹੋ ਸਕਦੇ ਹੋ
- ਬਿਰਧ ਦੇਖਭਾਲ ਯੋਗਤਾ ਮੁਲਾਂਕਣ ਲਈ ਅਰਜ਼ੀ ਦੇਣ ਬਾਰੇ
- ਸਹਾਇਕ ਨਿਰਧਾਰਤ ਕਰਨ ਬਾਰੇ
- ਤੁਹਾਡੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਮਦਦਗਾਰ ਸੇਵਾ ਪ੍ਰਦਾਤਾਵਾਂ ਨੂੰ ਰੈਫ਼ਰਲ ਭੇਜਣ ਬਾਰੇ
- ਤੁਹਾਨੂੰ ਬਿਰਧ ਦੇਖਭਾਲ ਪ੍ਰਣਾਲੀ ਨੂੰ ਸਮਝਣ ਅਤੇ ਇਸ ਵਿੱਚੋਂ ਲੰਘਣ ਵਿੱਚ ਸਹਾਇਤਾ ਕਰਨ ਲਈ ਉਪਲਬਧ ਸਹਾਇਤਾ ਬਾਰੇ
- ਤੁਹਾਡੇ ਬਿਰਧ ਦੇਖਭਾਲ ਦੀ ਲਾਗਤ ਵਿੱਚ ਤੁਹਾਡੇ ਯੋਗਦਾਨ ਬਾਰੇ।

## ਕਿਹੜੀਆਂ ਸੇਵਾਵਾਂ ਉਪਲਬਧ ਹਨ?

### ਘਰ ਵਿੱਚ ਦੇਖਭਾਲ

ਆਸਟ੍ਰੇਲੀਆ ਸਰਕਾਰ ਲੋਕਾਂ ਨੂੰ ਲੰਬੇ ਸਮੇਂ ਤੱਕ ਆਤਮ-ਨਿਰਭਰ ਜਿਊਣ ਵਿੱਚ ਮੱਦਦ ਕਰਨ ਲਈ ਘਰੇਲੂ ਬਿਰਧ ਦੇਖਭਾਲ ਸੇਵਾਵਾਂ ਵਿੱਚ ਸੁਧਾਰ ਕਰ ਰਹੀ ਹੈ।

ਤੁਸੀਂ ਆਤਮ-ਨਿਰਭਰ ਰਹਿਣ, ਸੁਰੱਖਿਅਤ ਰਹਿਣ ਅਤੇ ਆਪਣੀਆਂ ਸ਼ਕਤੀਆਂ ਅਤੇ ਟੀਚਿਆਂ 'ਤੇ ਧਿਆਨ-ਕੇਂਦ੍ਰਿਤ ਰੱਖਣ ਲਈ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ।

ਇਨ੍ਹਾਂ ਸੇਵਾਵਾਂ ਵਿੱਚ ਸ਼ਾਮਲ ਹੋ ਸਕਦਾ ਹੈ:

- ਨਿੱਜੀ ਦੇਖਭਾਲ ਜਿਵੇਂ ਕਿ ਕੱਪੜੇ ਪਾਉਣ ਜਾਂ ਨਹਾਉਣ ਵਿੱਚ ਮੱਦਦ
- ਆਵਾਜਾਈ
- ਤੁਹਾਡੇ ਘਰ ਵਿੱਚ ਬਦਲਾਅ, ਜਿਵੇਂ ਕਿ ਹੱਥ ਪਾਉਣ ਵਾਲੀ ਰੇਲਿੰਗ ਜਾਂ ਢਲਾਣਾਂ
- ਨਰਸਿੰਗ, ਫਿਜ਼ੀਓਥੈਰੇਪੀ ਅਤੇ ਹੋਰ ਦੇਖਭਾਲ
- ਭੋਜਨ ਵਿੱਚ ਮੱਦਦ
- ਆਪਣੇ ਘਰ ਜਾਂ ਬਾਗਬਾਨੀ ਦੀ ਸਫ਼ਾਈ ਵਿੱਚ ਮੱਦਦ
- ਸੁਰੱਖਿਆ ਉਪਕਰਨ ਜਿਵੇਂ ਕਿ ਤੁਰਨ ਵਾਲੇ ਫਰੇਮ (ਵਾਕਰ)
- ਸੱਭਿਆਚਾਰਕ ਅਤੇ ਸਮਾਜਿਕ ਗਤੀਵਿਧੀਆਂ, ਜੋ ਮਨ ਅਤੇ ਸਰੀਰ ਨੂੰ ਸਰਗਰਮ ਅਤੇ ਸਿਹਤਮੰਦ ਰੱਖਣ ਵਿੱਚ ਮੱਦਦ ਕਰਦੀਆਂ ਹਨ।

## ਥੋੜ੍ਹੇ ਸਮੇਂ ਦੀ ਮੱਦਦ

My Aged Care ਤੁਹਾਨੂੰ ਥੋੜ੍ਹੇ ਸਮੇਂ ਦੀਆਂ ਦੇਖਭਾਲ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਵੀ ਮੱਦਦ ਕਰ ਸਕਦਾ ਹੈ ਜਿਵੇਂ ਕਿ:

- ਹਸਪਤਾਲ ਤੋਂ ਛੁੱਟੀ ਹੋਣ ਮਗਰੋਂ ਸਮੇਤ ਬਿਮਾਰੀ ਤੋਂ ਠੀਕ ਹੋਣ ਵੇਲੇ
- ਜਦੋਂ ਤੁਹਾਨੂੰ ਕਿਸੇ ਝਟਕੇ ਤੋਂ ਬਾਅਦ ਆਪਣੀ ਖੁਦਮੁਖਤਿਆਰੀ ਮੁੜ ਪ੍ਰਾਪਤ ਕਰਨ ਦੀ ਲੋੜ ਹੋਵੇ
- ਜਦੋਂ ਤੁਹਾਨੂੰ ਜਾਂ ਤੁਹਾਡੇ ਦੇਖਭਾਲ ਕਰਨ ਵਾਲੇ ਨੂੰ ਥੋੜ੍ਹੀ ਦੇਰ ਦੀ ਛੁੱਟੀ ਦੀ ਲੋੜ ਹੋਵੇ (ਰੈਸਪਾਈਟ ਕੇਅਰ)
- ਜੀਵਨ ਦੇ ਅੰਤ ਦੀ ਦੇਖਭਾਲ ਪ੍ਰਾਪਤ ਕਰ ਰਹੇ ਬਜ਼ੁਰਗਾਂ ਨੂੰ ਉਨ੍ਹਾਂ ਦੇ ਆਖਰੀ ਮਹੀਨਿਆਂ ਵਿੱਚ ਘਰ ਵਿੱਚ ਹੀ ਰਹਿਣ ਵਿੱਚ ਮੱਦਦ ਕਰਨ ਲਈ।

## ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਵਿੱਚ ਦੇਖਭਾਲ

ਜੇਕਰ ਤੁਹਾਨੂੰ ਰੋਜ਼ਾਨਾ ਦੇ ਕੰਮਾਂ ਜਾਂ ਸਿਹਤ ਸੰਬੰਧੀ ਦੇਖਭਾਲ ਲਈ ਲਗਾਤਾਰ ਮੱਦਦ ਲੈਣ ਦੀ ਲੋੜ ਮਹਿਸੂਸ ਹੁੰਦੀ ਹੈ, ਤਾਂ ਇੱਕ ਰਿਹਾਇਸ਼ੀ ਬਿਰਧ ਦੇਖਭਾਲ ਘਰ ਤੁਹਾਨੂੰ ਇੱਕ ਸਹਾਇਕ ਮਾਹੌਲ ਵਿੱਚ ਰਹਿਣ ਦੀ ਸਹੂਲਤ ਦਿੰਦਾ ਹੈ, ਜਿੱਥੇ ਮੱਦਦ 24 ਘੰਟੇ ਉਪਲਬਧ ਹੁੰਦੀ ਹੈ।

## ਸੇਵਾਵਾਂ ਲਈ ਭੁਗਤਾਨ ਕੌਣ ਕਰਦਾ ਹੈ?

ਸਰਕਾਰ ਬਿਰਧ ਦੇਖਭਾਲ ਸੇਵਾਵਾਂ ਦੀ ਲਾਗਤ ਵਿੱਚ ਯੋਗਦਾਨ ਪਾਉਂਦੀ ਹੈ। ਜੇਕਰ ਤੁਸੀਂ ਅਜਿਹਾ ਕਰਨ ਦੇ ਸਮਰੱਥ ਹੋ, ਤਾਂ ਤੁਹਾਨੂੰ ਲਾਗਤ ਵਿੱਚ ਯੋਗਦਾਨ ਪਾਉਣ ਦੀ ਵੀ ਲੋੜ ਹੋ ਸਕਦੀ ਹੈ।

ਤੁਸੀਂ ਕਿੰਨਾ ਭੁਗਤਾਨ ਕਰੋਗੇ, ਇਹ ਹੇਠ ਲਿਖਿਆਂ 'ਤੇ ਨਿਰਭਰ ਕਰ ਸਕਦਾ ਹੈ:

- ਤੁਹਾਡੀ ਵਿੱਤੀ ਸਥਿਤੀ
- ਤੁਹਾਨੂੰ ਮਿਲਣ ਵਾਲੀਆਂ ਸੇਵਾਵਾਂ ਦੀ ਗਿਣਤੀ ਅਤੇ ਕਿਸਮਾਂ
- ਸੇਵਾ ਪ੍ਰਦਾਤਾ।

## ਕੀ ਤੁਸੀਂ ਸੇਵਾਵਾਂ ਲਈ ਯੋਗ ਹੋ?

My Aged Care ਤੁਹਾਨੂੰ ਇਹ ਸਮਝਣ ਵਿੱਚ ਮੱਦਦ ਕਰ ਸਕਦਾ ਹੈ:

- ਕਿਹੜੀਆਂ ਸੇਵਾਵਾਂ ਉਪਲਬਧ ਹੋ ਸਕਦੀਆਂ ਹਨ
- ਉਹਨਾਂ ਦੀ ਕੀਮਤ ਕਿੰਨੀ ਹੈ
- ਤੁਸੀਂ ਉਹਨਾਂ ਤੱਕ ਕਿਵੇਂ ਪਹੁੰਚ ਕਰ ਸਕਦੇ ਹੋ।

ਇਹ ਪਤਾ ਲਗਾਉਣ ਲਈ ਕਿ ਕੀ ਤੁਸੀਂ ਮੁਲਾਂਕਣ ਲਈ ਲੋੜਾਂ ਨੂੰ ਪੂਰਾ ਕਰ ਸਕਦੇ ਹੋ, **MyAgedCare.gov.au/Should-I-Apply** 'ਤੇ ਔਨਲਾਈਨ 'ਕੀ ਮੈਨੂੰ ਅਰਜ਼ੀ ਦੇਣੀ ਚਾਹੀਦੀ ਹੈ' ਟੂਲ ਦੀ ਵਰਤੋਂ ਕਰੋ।

## ਵਧੀਕ ਸਹਾਇਤਾ ਸੇਵਾਵਾਂ

Elder Care Support (ਐਲਡਰ ਕੇਅਰ ਸਪੋਰਟ) - ਬਜ਼ੁਰਗ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਬਿਰਧ ਦੇਖਭਾਲ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਸਹਾਇਤਾ ਕਰਦਾ ਹੈ। **MyAgedCare.gov.au/Elder-Care-Support-Program** ਵੈੱਬਸਾਈਟ 'ਤੇ ਜਾਓ।

Care Finder Program (ਕੇਅਰ ਫਾਇੰਡਰ ਪ੍ਰੋਗਰਾਮ) – ਉਹ ਬਜ਼ੁਰਗ ਲੋਕ ਜਿਨ੍ਹਾਂ ਕੋਲ ਕੋਈ ਦੇਖਭਾਲ ਕਰਨ ਵਾਲਾ ਜਾਂ ਸਹਾਇਕ ਵਿਅਕਤੀ ਨਹੀਂ ਹੈ, ਅਤੇ ਜਿਨ੍ਹਾਂ ਨੂੰ ਬਿਰਧ ਦੇਖਭਾਲ ਸੇਵਾਵਾਂ ਅਤੇ ਭਾਈਚਾਰੇ ਵਿੱਚ ਹੋਰ ਸਹਾਇਤਾਵਾਂ ਤੱਕ ਪਹੁੰਚ ਲਈ ਵਧੇਰੇ ਸਹਾਇਤਾ ਦੀ ਲੋੜ ਹੈ, ਉਨ੍ਹਾਂ ਦੀ ਮੱਦਦ ਕਰਦਾ ਹੈ। **MyAgedCare.gov.au/Help-Care-Finder** ਵੈੱਬਸਾਈਟ 'ਤੇ ਜਾਓ।

## ਦੇਖਭਾਲ ਕਰਨ ਵਾਲਿਆਂ ਲਈ ਸਹਾਇਤਾ

**Carer Gateway (ਕੇਅਰਰ ਗੇਟਵੇ) 'ਤੇ ਜਾਓ** - ਹਫ਼ਤੇ ਦੇ ਕੰਮਕਾਜੀ ਦਿਨਾਂ ਵਿੱਚ ਸਵੇਰੇ 8 ਵਜੇ ਤੋਂ **ਸ਼ਾਮ 5 ਵਜੇ ਤੱਕ 1800 422 737*** 'ਤੇ ਮੁਫ਼ਤ ਕਾਲ ਕਰੋ। **CarerGateway.gov.au**

**ਡਿਮੈਂਸ਼ੀਆ ਆਸਟ੍ਰੇਲੀਆ** - ਰਾਸ਼ਟਰੀ ਡਿਮੈਂਸ਼ੀਆ ਹੈਲਪਲਾਈਨ: **1800 100 500*** 'ਤੇ ਮੁਫ਼ਤ ਫ਼ੋਨ ਕਰੋ, ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ। **Dementia.org.au**

**ਡਿਮੈਂਸ਼ੀਆ ਸਪੋਰਟ ਆਸਟ੍ਰੇਲੀਆ** - ਵਿਵਹਾਰ ਵਿੱਚ ਤਬਦੀਲੀਆਂ ਦੇ ਨਾਲ ਵਿਅਕਤੀਗਤ ਸਹਾਇਤਾ ਲਈ: **1800 699 799*** 'ਤੇ ਮੁਫ਼ਤ ਫ਼ੋਨ ਕਰੋ, ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ। **Dementia.com.au**

ਵ**ਧੇਰੇ ਜਾਣ**ਕਾਰੀ ਲਈ My AgedCare ਦੀ ਵੈੱਬਸਾਈਟ **MyAgedCare.gov.au/Carers** 'ਤੇ ਜਾਓ।

## ਐਡਵੋਕੇਸੀ, ਜਾਣਕਾਰੀ ਅਤੇ ਸਹਾਇਤਾ

Older Persons Advocacy Network (ਓਲਡਰ ਪਰਸਨਜ਼ ਐਡਵੋਕੇਸੀ ਨੈੱਟਵਰਕ) ਤੁਹਾਡੀ ਇਨ੍ਹਾਂ ਵਿੱਚ ਮੱਦਦ ਕਰ ਸਕਦਾ ਹੈ:

- ਆਪਣੇ ਅਧਿਕਾਰਾਂ ਨੂੰ ਸਮਝਣ ਅਤੇ ਵਰਤਣ ਲਈ
- ਤੁਹਾਡੀਆਂ ਲੋੜਾਂ ਅਨੁਸਾਰ ਸੇਵਾਵਾਂ ਲੱਭਣ ਲਈ, ਅਤੇ
- ਸਰਕਾਰ ਵੱਲੋਂ ਫ਼ੰਡ ਪ੍ਰਾਪਤ ਤੁਹਾਡੇ ਸੇਵਾ ਪ੍ਰਦਾਤਾ ਨਾਲ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ।

**1800 700 600*** ਹਫ਼ਤੇ ਦੇ ਦਿਨਾਂ ਵਿੱਚ ਸਵੇਰੇ 8 ਵਜੇ ਤੋਂ ਰਾਤ 8 ਵਜੇ ਤੱਕ, ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਮੁਫ਼ਤ ਕਾਲ ਕਰੋ। **OPAN.org.au**